# ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ 'ਤੇ ਰੈਫਰੈਂਡਮ

ਆਸਟ੍ਰੇਲੀਆਈ ਵਾਸੀ ਬਹੁਤ ਸਾਰੇ ਦੇਸ਼ਾਂ ਤੋਂ ਆਏ ਹਨ, ਬਹੁਤ ਸਾਰੇ ਧਰਮਾਂ ਨੂੰ ਮੰਨਦੇ ਹਨ ਅਤੇ ਬਹੁਤ ਸਾਰੀਆਂ ਭਾਸ਼ਾਵਾਂ ਬੋਲਦੇ ਹਨ। ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕ ਆਸਟ੍ਰੇਲੀਆ ਦੇ ਪਹਿਲੇ ਵਾਸੀ ਹਨ ਅਤੇ ਇੱਥੇ 65,000 ਸਾਲਾਂ ਤੋਂ ਵੀ ਵੱਧ ਸਮੇਂ ਤੋਂ ਰਹਿ ਰਹੇ ਹਨ। ਪਰ ਆਸਟ੍ਰੇਲੀਆ ਦਾ ਸੰਵਿਧਾਨ ਉਨ੍ਹਾਂ ਦੇ ਇਸ ਵਿਲੱਖਣ ਦਰਜੇ ਨੂੰ ਮਾਨਤਾ ਨਹੀਂ ਦਿੰਦਾ ਹੈ। ਇਹੀ ਕਾਰਨ ਹੈ ਕਿ ਇਸ ਸਾਲ ਦੇ ਅੰਤ ਵਿੱਚ, ਅਸੀਂ ਇੱਕ ਰੈਫਰੈਂਡਮ (ਜਨਮਤ ਵੋਟ/ਰਾਇਸ਼ੁਮਾਰੀ) ਰਾਹੀਂ ਆਪਣੇ ਸੰਵਿਧਾਨ ਵਿੱਚ ਤਬਦੀਲੀ ਕਰਨ ਬਾਰੇ ਵਿਚਾਰ ਕਰ ਸਕਾਂਗੇ। ਦਾ ਵੌਇਸ ਰਾਹੀਂ, ਸਾਰੇ ਆਸਟ੍ਰੇਲੀਆਈ ਲੋਕਾਂ ਨੂੰ ਸਾਡੇ ਸੰਵਿਧਾਨ ਵਿੱਚ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੂੰ ਪਛਾਣਨ ਦਾ ਮੌਕਾ ਮਿਲੇਗਾ ਜੋ ਇਹ ਯਕੀਨੀ ਬਣਾਏਗਾ ਕਿ ਉਹਨਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ 'ਤੇ ਉਹਨਾਂ ਦੀ ਰਾਏ ਸੁਣੀ ਜਾਂਦੀ ਹੈ।

## ਉਲੁਰੂ ਸਟੇਟਮੈਂਟ ਫਰੋਮ ਦਾ ਹਾਰਟ (Uluru Statement from the Heart) ਕੀ ਹੈ?

ਮਈ 2017 ਵਿੱਚ, 250 ਤੋਂ ਵੱਧ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਨੇ ਉਲੁਰੂ ਸਟੇਟਮੈਂਟ ਫਰੋਮ ਦਾ ਹਾਰਟ ਨੂੰ ਜਾਰੀ ਕੀਤਾ। ਇਹ ਸਾਨੂੰ ਸਾਰੇ ਆਸਟ੍ਰੇਲੀਆ ਲਈ ਇੱਕ ਬਿਹਤਰ ਭਵਿੱਖ ਬਣਾਉਣ ਲਈ ਅਤੇ ਆਸਟ੍ਰੇਲੀਆਈ ਸੰਵਿਧਾਨ ਵਿੱਚ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਨੂੰ ਸ਼ਾਮਲ ਕਰਨ ਲਈ ਕਹਿੰਦੀ ਹੈ।

## ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਕੀ ਹੈ?

ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਲੋਕਾਂ ਲਈ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਾਨੂੰਨਾਂ ਅਤੇ ਨੀਤੀਆਂ ਬਾਰੇ ਸਰਕਾਰ ਨੂੰ ਸਲਾਹ ਦੇਣ ਦਾ ਇੱਕ ਤਰੀਕਾ ਹੈ।

## ਰੈਫਰੈਂਡਮ ਕੀ ਹੁੰਦਾ ਹੈ?

ਰੈਫਰੈਂਡਮ ਉਦੋਂ ਹੁੰਦਾ ਹੈ ਜਦੋਂ ਵੋਟਰਾਂ ਨੂੰ ਕਿਸੇ ਸਵਾਲ ਜਾਂ ਸਵਾਲਾਂ ਲਈ ਹਾਂ ਜਾਂ ਨਾਂਹ ਵਿੱਚ ਜਵਾਬ ਦੇਣ ਲਈ ਕਿਹਾ ਜਾਂਦਾ ਹੈ। ਆਸਟ੍ਰੇਲੀਆ ਦੇ ਸੰਵਿਧਾਨ ਨੂੰ ਬਦਲਣ ਦਾ ਇੱਕੋ ਇੱਕ ਤਰੀਕਾ ਰੈਫਰੈਂਡਮ ਦੁਆਰਾ ਹੈ।

## ਰੈਫਰੈਂਡਮ ਵਿੱਚ ਕੌਣ ਵੋਟ ਪਾ ਸਕਦਾ ਹੈ?

ਸਿਰਫ਼ ਵੋਟ ਪਾਉਣ ਲਈ ਨਾਮਜ਼ਦ ਲੋਕ ਹੀ ਰੈਫਰੈਂਡਮ ਵਿੱਚ ਹਿੱਸਾ ਲੈ ਸਕਦੇ ਹਨ। ਰੈਫਰੈਂਡਮ ਵਿੱਚ ਵੋਟ ਪਾਉਣਾ ਸਾਰੇ ਰਜਿਸਟਰਡ ਵੋਟਰਾਂ ਲਈ ਲਾਜ਼ਮੀ ਹੈ।

## ਮੈਂ ਇਸ ਰੈਫਰੈਂਡਮ ਵਿੱਚ ਵੋਟ ਕਿਵੇਂ ਪਾਵਾਂ?

ਰੈਫਰੈਂਡਮ ਚੋਣਾਂ ਵਾਂਗ ਹੀ ਹੁੰਦੇ ਹਨ। ਪੋਲਿੰਗ ਵਾਲੇ ਦਿਨ, ਤੁਸੀਂ ਕਿਸੇ ਪੋਲਿੰਗ ਸਥਾਨ 'ਤੇ ਜਾ ਸਕਦੇ ਹੋ ਅਤੇ ਬੈਲਟ ਪੇਪਰ 'ਤੇ ਆਪਣੀ ਵੋਟ ਪਾ ਸਕਦੇ ਹੋ।

## ਰੈਫਰੈਂਡਮ ਬਾਰੇ ਫ਼ੈਸਲਾ ਕਿਵੇਂ ਹੁੰਦਾ ਹੈ?

ਰੈਫਰੈਂਡਮ ਦੇ ਸਫ਼ਲ ਹੋਣ ਲਈ, ਇਸ ਨੂੰ ਦੁੱਗਣੇ ਬਹੁਮਤ ਦੀ ਲੋੜ ਹੁੰਦੀ ਹੈ। ਇਸਦਾ ਮਤਲਬ ਹੈ ਘੱਟੋ-ਘੱਟ ਚਾਰ ਰਾਜਾਂ ਅਤੇ ਪੂਰੇ ਆਸਟ੍ਰੇਲੀਆ ਭਰ ਵਿੱਚ ਬਹੁਗਿਣਤੀ ਵੋਟਾਂ ਮਿਲਣੀਆਂ।

## ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਰੈਫਰੈਂਡਮ ਕਦੋਂ ਹੋਵੇਗਾ?

ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਰੈਫਰੈਂਡਮ ਇਸ ਸਾਲ ਦੇ ਅੰਤ ਵਿੱਚ ਕਰਵਾਇਆ ਜਾਵੇਗਾ ।

## ਦਾ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਰੈਫਰੈਂਡਮ ਵਿੱਚ ਕੀ ਸਵਾਲ ਪੁੱਛੇ ਜਾਣਗੇ?

"ਇੱਕ ਪ੍ਰਸਤਾਵਿਤ ਕਾਨੂੰਨ: ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਸਥਾਪਤ ਕਰਕੇ ਆਸਟ੍ਰੇਲੀਆ ਦੇ ਪਹਿਲੇ ਲੋਕਾਂ ਨੂੰ ਮਾਨਤਾ ਦੇਣ ਲਈ ਮੌਜੂਦਾ ਸੰਵਿਧਾਨ ਨੂੰ ਬਦਲਣਾ। ਕੀ ਤੁਸੀਂ ਇਸ ਪ੍ਰਸਤਾਵਿਤ ਤਬਦੀਲੀ ਨੂੰ ਮੰਨਜ਼ੂਰੀ ਦਿੰਦੇ ਹੋ?"

## ਇਹ ਜਾਣਕਾਰੀ ਸ਼ੀਟ ਕਿਸਨੇ ਤਿਆਰ ਕੀਤੀ ਹੈ?

ਇਹ ਤੱਥ ਸ਼ੀਟ Life Without Barriers, Reconciliation Australia, SNAICC – National Voice for our children, Yes Alliance ਅਤੇ Polaron Language Services ਦੇ ਸਾਂਝੇ ਯਤਨਾਂ ਦੁਆਰਾ ਬਣਾਈ ਗਈ ਸੀ। ਇਹ ਸਾਂਝੇਦਾਰੀ ਦਾ ਐਬੋਰਿਜ਼ਨਲ ਅਤੇ ਟੋਰੇਸ ਸਟ੍ਰੇਟ ਆਈਲੈਂਡਰ ਵੌਇਸ ਬਾਰੇ ਪਹੁੰਚਯੋਗ ਜਾਣਕਾਰੀ ਤਿਆਰ ਕਰਨ ਵਿੱਚ ਮੱਦਦ ਕਰਨ ਲਈ ਕੀਤੀ ਗਈ ਸੀ।

ਹੋਰ ਜਾਣਕਾਰੀ

www.lwb.org.au



ਅਧਿਕਾਰਤ ਕੀਤਾ ਗਿਆ Tabatha Feher, Life Without Barriers, L6, 107 Pitt St, Sydney, NSW